# ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੁਆਰਾ ਸੰਯੁਕਤ ਗਣਰਾਜ ਤਨਜ਼ਾਨੀਆ ਦਾ ਦੌਰਾ

04 ਜੁਲਾਈ, 2023

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ 05-08 ਜੁਲਾਈ 2023 ਤੱਕ ਸੰਯੁਕਤ ਗਣਰਾਜ ਤਨਜ਼ਾਨੀਆ ਦੇ ਸਰਕਾਰੀ ਦੌਰੇ 'ਤੇ ਹੋਣਗੇ।

2. ਵਿਦੇਸ਼ ਮੰਤਰੀ ਪਹਿਲਾਂ 05-06 ਜੁਲਾਈ 2023 ਤੱਕ ਜ਼ਾਂਜ਼ੀਬਾਰ ਦਾ ਦੌਰਾ ਕਰਨਗੇ। ਉਹ ਉੱਥੇ ਭਾਰਤ ਸਰਕਾਰ ਦੀ ਲਾਈਨ ਆਫ਼ ਕ੍ਰੈਡਿਟ ਦੁਆਰਾ ਫੰਡ ਕੀਤੇ ਗਏ ਜਲ ਪੂਰਤੀ ਪ੍ਰੋਜੈਕਟ ਦਾ ਦੌਰਾ ਕਰਨ ਸਮੇਤ ਉੱਚ ਲੀਡਰਸ਼ਿਪ ਨੂੰ ਵੀ ਮਿਲਣਗੇ। ਉਹ ਤਨਜ਼ਾਨੀਆ ਦਾ ਦੌਰਾ ਕਰ ਰਹੇ ਭਾਰਤੀ ਜਲ ਸੈਨਾ ਦੇ ਜਹਾਜ਼ ਤ੍ਰਿਸ਼ੂਲ 'ਤੇ ਇੱਕ ਸਵਾਗਤੀ ਸਮਾਰੋਹ ਵਿੱਚ ਵੀ ਸ਼ਾਮਲ ਹੋਣਗੇ। .

3. ਵਿਦੇਸ਼ ਮੰਤਰੀ ਇਸ ਤੋਂ ਬਾਅਦ 07-08 ਜੁਲਾਈ 2023 ਤੱਕ ਤਨਜ਼ਾਨੀਆ ਦੇ ਸ਼ਹਿਰ ਦਾਰ-ਏਸ-ਸਲਾਮ ਦਾ ਦੌਰਾ ਕਰਨਗੇ, ਜਿੱਥੇ ਉਹ ਆਪਣੇ ਹਮਰੁਤਬਾ ਨਾਲ 10ਵੀਂ ਭਾਰਤ-ਤਨਜ਼ਾਨੀਆ ਸੰਯੁਕਤ ਕਮਿਸ਼ਨ ਦੀ ਮੀਟਿੰਗ ਵਿੱਚ ਸਹਿ-ਪ੍ਰਧਾਨਗੀ ਕਰਨਗੇ ਅਤੇ ਕਈ ਕੈਬਨਿਟ ਰੈਂਕ ਦੇ ਮੰਤਰੀਆਂ ਸਮੇਤ ਦੇਸ਼ ਦੀ ਉੱਚ ਲੀਡਰਸ਼ਿਪ ਨੂੰ ਮਿਲਣਗੇ। ਆਪਣੇ ਇਸ ਦੌਰੇ ਦੌਰਾਨ ਉਹ ਭਾਰਤ ਲਈ ਸੰਸਦੀ ਮਿੱਤਰਤਾ ਸਮੂਹ ਦੇ ਮੈਂਬਰਾਂ ਨਾਲ ਮੁਲਾਕਾਤ ਕਰਨ ਸਮੇਤ ਭਾਰਤ-ਤਨਜ਼ਾਨੀਆ ਵਪਾਰਕ ਮੀਟਿੰਗ ਦਾ ਉਦਘਾਟਨ ਵੀ ਕਰਨਗੇ। ਵਿਦੇਸ਼ ਮੰਤਰੀ ਇਸ ਤੋਂ ਬਾਅਦ ਭਾਰਤੀ ਡਾਇਸਪੋਰਾ ਨੂੰ ਸੰਬੋਧਨ ਹੋਣਗੇ ਅਤੇ ਫਿਰ ਦਾਰ ਏਸ ਸਲਾਮ ਵਿੱਚ ਸਵਾਮੀ ਵਿਵੇਕਾਨੰਦ ਦੀ ਮੂਰਤੀ ਦਾ ਉਦਘਾਟਨ ਕਰਨਗੇ।

4. ਭਾਰਤ ਅਤੇ ਤਨਜ਼ਾਨੀਆ ਨੇ ਪਾਰੰਪਰਿਕ ਤੌਰ 'ਤੇ ਨਜ਼ਦੀਕੀ ਅਤੇ ਦੋਸਤਾਨਾ ਸਬੰਧਾਂ ਦਾ ਆਨੰਦ ਮਾਣਿਆ ਹੈ। ਵਿਦੇਸ਼ ਮੰਤਰੀ ਦੁਆਰਾ ਤਨਜ਼ਾਨੀਆ ਦੀ ਯਾਤਰਾ ਸਾਡੇ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗੀ।

**ਨਵੀਂ ਦਿੱਲੀ**
**04 ਜੂਨ, 2023**